**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਦਿੱਤੇ ਜਾਂਦੇ ਇਸ਼ਤਿਹਾਰਾਂ ਲਈ ਏਜੰਸੀਆਂ ਪਾਸੋਂ ਮੰਗੇ ਟੈਂਡਰਾਂ ਸਬੰਧੀ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਆਪਣੇ ਪ੍ਰਬੰਧ ਅਧੀਨ ਚੱਲਦੇ ਕਾਰਜਾਂ ਸਬੰਧੀ ਸਮੇਂ-ਸਮੇਂ ਪ੍ਰਕਾਸ਼ਤ ਕਰਵਾਏ ਜਾਂਦੇ ਇਸ਼ਤਿਹਾਰ ਜਿਵੇਂ ਕਿ ਟੈਂਡਰ ਨੋਟਿਸ, ਲੋੜ ਹੈ, ਉਦਘਾਟਨੀ ਸਮਾਗਮ, ਅੰਮ੍ਰਿਤ-ਸੰਚਾਰ ਸਮਾਗਮ, ਵੱਖ-ਵੱਖ ਗੁਰਪੁਰਬਾਂ ਸਮੇਂ ਹੋਣ ਵਾਲੇ ਸਮਾਗਮ, ਵਾਕ-ਇਨ ਇੰਟਰਵਿਊ, ਅਦਾਲਤ ਵੱਲੋਂ ਸ਼੍ਰੋਮਣੀ ਕਮੇਟੀ ਰਾਹੀਂ ਨੋਟਿਸ ਜਾਂ ਕਿਸੇ ਵੀ ਪ੍ਰਕਾਰ ਦੀ ਕੋਈ ਸੂਚਨਾ ਜਨਤਕ ਕਰਨ ਲਈ ਅਖ਼ਬਾਰਾਂ ਨੂੰ ਕਲਾਸੀਫਾਈਡ ਅਤੇ ਡਿਸਪਲੇ ਇਸ਼ਤਿਹਾਰ ਜਾਰੀ ਕੀਤੇ ਜਾਂਦੇ ਹਨ। ਇਸ਼ਤਿਹਾਰ ਆਦਿ ਛਪਾਉਣ ’ਤੇ ਬਿੱਲ ਪੁਰ ਵੱਧ ਤੋਂ ਵੱਧ ਡਿਸਕਾਊਂਟ ਅਤੇ ਸਪੈਸ਼ਲ ਡਿਸਕਾਊਂਟਡ ਰੇਟਾਂ ਲਈ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ:-

1. ਟੈਂਡਰ ਵਿਚ ਸ਼ਮੂਲੀਅਤ ਲਈ ਏਜੰਸੀ ‘ਇੰਡੀਅਨ ਨਿਊਜ਼ ਪੇਪਰ ਸੁਸਾਇਟੀ’ ਤੋਂ ਮਾਨਤਾ ਪ੍ਰਾਪਤ ਹੋਵੇ। ਸੁਸਾਇਟੀ ਪਾਸੋਂ ਇਸ ਦੀ ਤਾਜ਼ਾ ਤਸਦੀਕ ਕਰਵਾ ਕੇ ਦਿੱਤੀ ਜਾਵੇ।
2. ਏਜੰਸੀ ਦਾ ਘੱਟੋ-ਘੱਟ 10 ਸਾਲ ਤਜ਼ਰਬਾ ਹੋਵੇ।
3. ਏਜੰਸੀ ਦਾ ਦਫ਼ਤਰ ਸ੍ਰੀ ਅੰਮ੍ਰਿਤਸਰ ਵਿਚ ਵੀ ਹੋਣਾ ਜ਼ਰੂਰੀ ਹੋਵੇਗਾ।
4. ਕੀ ਏਜੰਸੀ ਦਾ ਕੋਈ ਪ੍ਰਤੀਨਿਧੀ ਕਿਸੇ ਰਾਸ਼ਟਰੀ ਨਿਊਜ਼ ਚੈਨਲ ਜਾਂ ਪ੍ਰਮੁੱਖ ਪੰਜਾਬੀ ਅਖ਼ਬਾਰ ਦੀ ਨੁਮਾਇੰਦਗੀ ਰੱਖਦਾ ਹੈ? ਜੇਕਰ ਹੈ ਤਾਂ ਡਿਟੇਲ ਦਿੱਤੀ ਜਾਵੇ।
5. ਏਜੰਸੀ ਕੋਲ ਸ਼੍ਰੋਮਣੀ ਕਮੇਟੀ ਦੀ ਜ਼ਰੂਰਤ ਮੁਤਾਬਕ ਪੰਥਕ ਇਸ਼ਤਿਹਾਰਾਂ ਦੇ ਡਿਜ਼ਾਈਨ ਕਰਨ ਲਈ ਤਜ਼ਰਬੇਕਾਰ ਸਟਾਫ ਹੋਣਾ ਲਾਜ਼ਮੀ ਹੋਵੇਗਾ।
6. ਏਜੰਸੀ ਸ਼੍ਰੋਮਣੀ ਕਮੇਟੀ ਅਤੇ ਇਸ ਨਾਲ ਸਬੰਧਤ ਅਦਾਰਿਆਂ ਦੀ ਵੱਧ ਤੋਂ ਵੱਧ ਪ੍ਰੈੱਸ ਕਵਰੇਜ ਦੀ ਵੀ ਪਾਬੰਦ ਹੋਵੇਗੀ।
7. ਵੱਖ-ਵੱਖ ਸਮੇਂ ਅਖ਼ਬਾਰਾਂ ਦੇ ਪੱਤਰਕਾਰਾਂ ਨੂੰ ਸਿੱਧੇ ਦਿੱਤੇ ਜਾਂਦੇ ਇਸ਼ਤਿਹਾਰ ’ਤੇ ਏਜੰਸੀ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।
8. ਪੰਥਕ ਅਦਾਰਿਆਂ ਦੇ ਇਸ਼ਤਿਹਾਰਾਂ ਦਾ ਤਜ਼ਰਬਾ ਰੱਖਣ ਵਾਲੀ ਏਜੰਸੀ ਨੂੰ ਪਹਿਲ ਦਿੱਤੀ ਜਾਵੇਗੀ।
9. ਟੈਂਡਰ ਮੁਲਤਵੀ ਜਾਂ ਰੱਦ ਕਰਨ ਦੇ ਅਧਿਕਾਰ ਸ਼੍ਰੋਮਣੀ ਕਮੇਟੀ ਪਾਸ ਰਾਖਵੇਂ ਹੋਣਗੇ।

ਟੈਂਡਰ ਮਿਤੀ 30-04-2026 ਤੀਕ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਸ੍ਰੀ ਅੰਮ੍ਰਿਤਸਰ ਵਿਖੇ ਦਸਤੀ ਤੌਰ ’ਤੇ ਜਮ੍ਹਾਂ ਕਰਵਾਏ ਜਾਣ। ਵੱਧ ਤੋਂ ਵੱਧ ਡਿਸਕਾਊਂਟ ਨਾਲ ਸਾਰੀਆਂ ਸ਼ਰਤਾਂ ਦਾ ਲਾਗੂ ਹੋਣਾ ਲਾਜ਼ਮੀ ਹੋਵੇਗਾ।

**ਮੁੱਖ ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

# ਟੈਂਡਰ ਨੋਟਿਸ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੇ ਇਸ ਨਾਲ ਸਬੰਧਤ ਅਦਾਰਿਆਂ ਵੱਲੋਂ ਦਿੱਤੇ ਜਾਂਦੇ ਇਸ਼ਤਿਹਾਰਾਂ ਸਬੰਧੀ ਇੰਡੀਅਨ ਨਿਊਜ਼ ਪੇਪਰ ਸੁਸਾਇਟੀ ਦੀਆਂ ਮੈਂਬਰ ਏਜੰਸੀਆਂ ਪਾਸੋਂ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫ਼ਤਰ ਸ੍ਰੀ ਅੰਮ੍ਰਿਤਸਰ ਵਿਖੇ ਮਿਤੀ 30-04-2026 ਤੱਕ ਦਸਤੀ ਤੌਰ 'ਤੇ ਜਮ੍ਹਾਂ ਕਰਵਾਏ ਜਾਣ। ਸ਼ਰਤਾਂ ਅਤੇ ਜਾਣਕਾਰੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈੱਬਸਾਈਟ www.sgpc.net ਦੇਖੋ।

**ਮੁੱਖ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।**